General Certificate of Secondary Education
Higher Tier
June 2011

# Panjabi

# 46801HT

**Unit 1 Listening Test Transcript**

# H

**Tuesday 24 May 2011 1.30 pm to 2.15 pm approximately (including reading time)**

| FOR INVIGILATOR'S USE ONLY |
| --- |

**Time allowed**
- 40 minutes + 5 minutes reading time before the test

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- Answer **all** questions in **English**.
- You must answer the questions in the spaces provided. Do not write outside the box around each page or on blank pages.
- Write neatly and put down all the information you are asked to give.
- Ask any questions now. **You must not ask questions or interrupt during the test.***
- You now have five minutes to read through the question paper. You may make notes during this time. You may open your answer book now.
- **The test starts now.**

| Once the recording has started, the Invigilator must not pause it **at any time** as all pauses, including the five minutes reading time, are pre-recorded. |
| --- |

*If candidates ask any questions at this point, the Invigilator should pause the recording until the questions have been answered. The recording should then be restarted.

**1 (a)** **M2** ਮੈਂ ਵੱਡਾ ਹੋ ਕੇ ਡਾਕਟਰ ਬਣਨਾ ਚਾਹੁੰਦਾ ਹਾਂ ਕਿਉਂਕਿ ਡਾਕਟਰਾਂ ਨੂੰ ਤਨਖਾਹ ਚੰਗੀ ਮਿਲਦੀ ਹੈ ਪਰ ਰਾਤਾਂ ਨੂੰ ਕੰਮ ਕਰਨਾ ਮੈਨੂੰ ਔਖਾ ਲਗਦਾ ਹੈ ਅਤੇ ਇਸ ਨਾਲ ਸਿਹਤ ਵੀ ਖਰਾਬ ਹੋ ਜਾਂਦੀ ਹੈ।

**1 (b)** **F1** ਮੈਂ ਬੱਚਿਆਂ ਨਾਲ ਕੰਮ ਕਰਨਾ ਪਸੰਦ ਕਰਦੀ ਹਾਂ। ਇਸ ਕਰਕੇ ਮੈਂ ਤਾਂ ਵੱਡੀ ਹੋ ਕੇ ਅਧਿਆਪਕ ਬਣਾਂਗੀ। ਸਕੂਲਾਂ ਵਿੱਚ ਛੁੱਟੀਆਂ ਕਾਫੀ ਹੋ ਜਾਂਦੀਆਂ ਹਨ। ਪਰ ਬੱਚਿਆਂ ਤੋਂ ਕੰਮ ਕਰਵਾਉਣਾ ਬਹੁਤ ਔਖਾ ਹੈ।

**2** **M2** ਸੀਤਾ ਪਿਛਲੇ ਹਫਤੇ ਤੇਰਾ ਜਨਮ ਦਿਨ ਸੀ, ਤੈਨੂੰ ਕਿਹੜੇ ਕਿਹੜੇ ਤੋਹਫੇ ਮਿਲੇ?

**F2** ਸਾਰਿਆਂ ਨੇ ਮੈਨੂੰ ਮੇਰੀ ਪਸੰਦ ਦੇ ਬਹੁਤ ਸਾਰੇ ਤੋਹਫੇ ਦਿੱਤੇ।

**M2** ਅੱਛਾ! ਮੈਨੂੰ ਦੱਸ ਤੈਨੂੰ ਸਭ ਤੋਂ ਚੰਗਾ ਕੀ ਲੱਗਾ?

**F2** ਮੈਨੂੰ ਮੇਰੇ ਪਿਤਾ ਜੀ ਨੇ ਇੱਕ ਘੜੀ ਲੈ ਕੇ ਦਿੱਤੀ। ਇਹ ਮੈਨੂੰ ਬਹੁਤ ਪਸੰਦ ਹੈ ਅਤੇ ਮੈਂ ਬਹੁਤ ਖੁਸ਼ ਹਾਂ ਕਿਉਂਕਿ ਇਹ ਬਹੁਤ ਸੁਹਣੀ ਹੈ। ਹੁਣ ਮੈਂ ਹਮੇਸ਼ਾ ਸਕੂਲ ਸਮੇਂ ਸਿਰ ਪਹੁੰਚ ਜਾਂਦੀ ਹਾਂ।

**3** **M1** ਜੀਤੀ, ਕੀ ਤੁਸੀਂ ਇੰਟਰਨੈੱਟ ਤੇ ਚੀਜ਼ਾਂ ਖਰੀਦਦੇ ਹੋ?

**F1** ਹਾਂ ਸੰਦੀਪ, ਅਸੀਂ ਤਾਂ ਜ਼ਿਆਦਾ ਚੀਜ਼ਾਂ ਇੰਟਰਨੈੱਟ ਤੇ ਹੀ ਖਰੀਦਦੇ ਹਾਂ।

**M1** ਤੁਸੀਂ ਮੈਨੂੰ ਇਸ ਦੇ ਫਾਇਦਿਆਂ ਬਾਰੇ ਦੱਸੋ।

**F1** ਇਸ ਦੇ ਇਹ ਫਾਇਦੇ ਹਨ ਕਿ ਤੁਸੀਂ ਘਰ ਬੈਠੇ ਚੀਜ਼ਾਂ ਖਰੀਦ ਸਕਦੇ ਹੋ, ਚੀਜ਼ਾਂ ਸਸਤੀਆਂ ਮਿਲਦੀਆਂ ਹਨ ਅਤੇ ਦਿਨ ਰਾਤ ਜਦੋਂ ਮਰਜ਼ੀ ਚੀਜ਼ਾਂ ਆਰਡਰ ਕਰ ਸਕਦੇ ਹੋ।

**M1** ਪਰ ਮੈਨੂੰ ਤਾਂ ਇਸ ਦੇ ਜ਼ਿਆਦਾ ਨੁਕਸਾਨ ਹੀ ਲਗਦੇ ਹਨ।

**F1** ਉਹ ਕਿਵੇਂ? ਮੈਨੂੰ ਦੱਸ।

**M1** ਮੈਂ ਦੋ ਵਾਰੀ ਚੀਜ਼ਾਂ ਆਰਡਰ ਕੀਤੀਆਂ ਸੀ, ਉਹ ਖਰਾਬ ਨਿਕਲੀਆਂ ਅਤੇ ਬਦਲਣ ਲਈ ਬਹੁਤ ਸਮਾਂ ਖਰਾਬ ਹੋਇਆ। ਇੱਕ ਵਾਰੀ ਗਲਤ ਚੀਜ਼ ਭੇਜ ਦਿੱਤੀ ਅਤੇ ਪੈਸੇ ਵਾਪਸ ਲੈਣ ਨੂੰ ਦੋ ਮਹੀਨੇ ਲੱਗੇ। ਕਰੈਡਿਟ ਕਾਰਡ ਤੋਂ ਪੈਸੇ ਚੋਰੀ ਹੋਣ ਦਾ ਡਰ ਵੀ ਰਹਿੰਦਾ ਹੈ। ਮੈਂ ਤਾਂ ਹੁਣ ਇੰਟਰਨੈੱਟ ਤੇ ਕਦੀ ਵੀ ਚੀਜ਼ਾਂ ਨਹੀਂ ਖਰੀਦਾਂਗਾ।

**4** **F2** ਮੇਰੇ ਮਾਤਾ ਜੀ ਇੱਕ ਦਫਤਰ ਵਿੱਚ ਕੰਮ ਕਰਦੇ ਹਨ। ਮੇਰੇ ਛੋਟੇ ਭਰਾ ਦੀ ਦੇਖ ਭਾਲ ਕਰਨ ਵਾਲਾ ਕੋਈ ਹੋਰ ਨਾ ਹੋਣ ਕਰਕੇ ਹੁਣ ਉਨ੍ਹਾਂ ਨੂੰ ਕੰਮ ਛੱਡਣਾ ਪੈਣਾ ਹੈ। ਉਹ ਸੋਚਦੇ ਹਨ ਕਿ ਕੰਮ ਕਰਨ ਨਾਲੋਂ ਬੱਚਿਆਂ ਦੀ ਦੇਖ ਭਾਲ ਕਰਨੀ ਜ਼ਿਆਦਾ ਜ਼ਰੂਰੀ ਹੈ। ਮੇਰੇ ਮਾਤਾ ਜੀ ਦਾ ਸੁਭਾਅ ਬਹੁਤ ਚੰਗਾ ਹੈ ਅਤੇ ਉਹ ਹਮੇਸ਼ਾ ਖੁਸ਼ ਰਹਿੰਦੇ ਹਨ। ਇਸ ਕਰਕੇ ਸਾਰੇ ਉਨ੍ਹਾਂ ਨਾਲ ਬਹੁਤ ਪਿਆਰ ਕਰਦੇ ਹਨ।

**5** **M2** ਪਿਛਲੇ ਐਤਵਾਰ ਮੈਂ ਆਪਣੇ ਪਰਿਵਾਰ ਨਾਲ ਮੈਨਚੈਸਟਰ ਏਸ਼ੀਅਨ ਮੇਲਾ ਦੇਖਣ ਗਿਆ ਸੀ। ਇਸ ਵਿੱਚ ਮੇਰੇ ਮਨਪਸੰਦ ਗਾਇਕਾਂ, ਸਲਿੰਦਰ ਪਰਦੇਸੀ, ਜੱਗੀ ਡੀ ਅਤੇ ਪੰਜਾਬੀ ਐਮ ਸੀ ਨੇ ਆਪਣਾ ਪ੍ਰੋਗਰਾਮ ਪੇਸ਼ ਕੀਤਾ। ਮੇਲੇ ਵਿੱਚ ਦੇਸੀ ਖਾਣੇ ਤੇ ਹੋਰ ਬਹੁਤ ਚੀਜ਼ਾਂ ਦੇ ਸਟਾਲ ਸਨ। ਅਸੀਂ ਸਾਰਿਆਂ ਨੇ ਇਸ ਮੇਲੇ ਦਾ ਬਹੁਤ ਆਨੰਦ ਮਾਣਿਆ। ਹੋਰਨਾਂ ਸ਼ਹਿਰਾਂ ਵਿੱਚ ਵੀ ਇਸ ਤਰ੍ਹਾਂ ਦੇ ਮੇਲੇ ਲੱਗਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਆਪਣੀ ਬੋਲੀ ਅਤੇ ਸਭਿਆਚਾਰ ਬਾਰੇ ਵਧੇਰੇ ਪਤਾ ਲੱਗ ਸਕੇ ਅਤੇ ਉਹ ਆਪਣੇ ਪਿਛੋਕੜ ਨਾਲ ਜੁੜੇ ਰਹਿ ਸਕਣ।

**6** **M1** ਧਾਲੀਵਾਲ ਸੁਪਰ ਸਟੋਰ ਨੇ ਆਪਣੀ ਨਵੀਂ ਦੁਕਾਨ ਖੋਲ੍ਹਣ ਦੀ ਖੁਸ਼ੀ ਵਿੱਚ ਕੱਪੜਿਆਂ, ਜੁੱਤੀਆਂ ਅਤੇ ਖੇਡਾਂ ਦੇ ਸਾਮਾਨ ਤੇ ਭਾਰੀ ਛੋਟ ਦਿੱਤੀ ਹੈ। ਅੱਜ ਹੀ ਆਓ ਅਤੇ ਇਸ ਦਾ ਪੂਰਾ ਲਾਭ ਉਠਾਓ। ਇਹ ਛੋਟ ਸਿਰਫ ਸਨਿੱਚਰਵਾਰ ਤੱਕ ਹੀ ਹੈ। ਸੌ ਪੌਂਡ ਦੀ ਸ਼ੌਪਿੰਗ ਕਰਨ ਵਾਲਿਆਂ ਨੂੰ ਇੱਕ ਕਮੀਜ਼ ਮੁਫਤ ਦਿੱਤੀ ਜਾਵੇਗੀ।

**7** **M2** ਸਿਹਤ ਠੀਕ ਰੱਖਣ ਲਈ ਚੰਗੇ ਖਾਣੇ ਦੇ ਨਾਲ ਨਾਲ ਕਸਰਤ ਕਰਨੀ ਵੀ ਜ਼ਰੂਰੀ ਹੈ। ਪਹਿਲਾਂ ਮੈਂ ਕਸਰਤ ਨਹੀਂ ਕਰਦਾ ਸੀ, ਪਰ ਹੁਣ ਆਪਣੇ ਆਪ ਨੂੰ ਤੰਦਰੁਸਤ ਰੱਖਣ ਲਈ ਮੈਂ ਰੋਜ਼ਾਨਾ ਸਵੇਰ ਨੂੰ ਦੌੜਨ ਜਾਂਦਾ ਹਾਂ। ਹਫਤੇ ਵਿੱਚ ਦੋ ਵਾਰੀ ਮੈਂ ਤਰਨ ਵੀ ਜਾਂਦਾ ਹਾਂ।

**8 (a)** **F1** ਦਲੀਪ, ਆਪਣੀ ਨਵੀਂ ਪਾਰਟ ਟਾਈਮ ਨੌਕਰੀ ਬਾਰੇ ਦੱਸ ਕਿ ਕਿਵੇਂ ਜਾ ਰਹੀ ਹੈ?

**M2** ਠੀਕ ਹੀ ਹੈ, ਪਰ ਮੇਰੀ ਪਹਿਲੀ ਨੌਕਰੀ ਇਸ ਨਾਲੋਂ ਚੰਗੀ ਸੀ ਅਤੇ ਮੈਨੂੰ ਤਨਖਾਹ ਵੀ ਜ਼ਿਆਦਾ ਮਿਲਦੀ ਸੀ।

**8 (b)** **M2** ਰੀਮਾ, ਤੂੰ ਵੀ ਦੱਸ ਤੇਰਾ ਆਪਣੇ ਕੰਮ ਬਾਰੇ ਕੀ ਖਿਆਲ ਹੈ?

**F1** ਮੇਰਾ ਪਹਿਲਾ ਕੰਮ ਸੌਖਾ ਸੀ। ਹੁਣ ਮੈਨੂੰ ਬਹੁਤ ਕੰਮ ਕਰਨਾ ਪੈਂਦਾ ਹੈ ਅਤੇ ਮੈਂ ਥੱਕ ਜਾਂਦੀ ਹਾਂ।

**8 (c)** **F2** ਗੋਪੀ, ਤੇਰਾ ਆਪਣੇ ਕੰਮ ਬਾਰੇ ਕੀ ਵਿਚਾਰ ਹੈ?

**M1** ਕੀ ਦੱਸਾਂ! ਮੈਂ ਤਾਂ ਇਹ ਕੰਮ ਸ਼ੁਰੂ ਕਰਕੇ ਪਛਤਾਉਂਦਾ ਹਾਂ। ਇਹ ਕੰਮ ਸੌਖਾ ਨਹੀਂ ਅਤੇ ਨਾ ਹੀ ਹਰ ਕੋਈ ਇਸ ਨੂੰ ਕਰ ਸਕਦਾ ਹੈ। ਮੈਂ ਤਾਂ ਸ਼ਾਇਦ ਇਹ ਕੰਮ ਛੱਡ ਹੀ ਦੇਵਾਂ।

**8 (d)** **M1** ਨਿਸ਼ਾ, ਤੂੰ ਵੀ ਆਪਣੇ ਕੰਮ ਬਾਰੇ ਦੱਸ?

**F2** ਮੈਂ ਕੰਮ ਤੇ ਬਹੁਤ ਖੁਸ਼ ਹਾਂ ਅਤੇ ਸਮਾਂ ਬਹੁਤ ਵਧੀਆ ਲੰਘ ਜਾਂਦਾ ਹੈ। ਇਹ ਕੰਮ ਬਹੁਤ ਸੌਖਾ ਹੈ ਅਤੇ ਪੈਸੇ ਵੀ ਚੰਗੇ ਮਿਲਦੇ ਹਨ।

**9 (a)** **M1** ਪਿਛਲੀਆਂ ਛੁੱਟੀਆਂ ਵਿੱਚ ਜਦੋਂ ਮੈਂ ਪੰਜਾਬ ਗਿਆ ਸੀ ਤਾਂ ਮੈਨੂੰ ਬੜਾ ਮਜ਼ਾ ਆਇਆ। ਮੈਂ ਉੱਥੇ ਰਿਸ਼ਤੇਦਾਰਾਂ ਨੂੰ ਮਿਲ ਕੇ ਬਹੁਤ ਖੁਸ਼ ਹੋਇਆ ਸੀ। ਉੱਥੋਂ ਦੇ ਲੋਕ ਬਹੁਤ ਮਿਲਣਸਾਰ ਸਨ ਅਤੇ ਮੈਨੂੰ ਬਹੁਤ ਪਿਆਰ ਕਰਦੇ ਸਨ। ਇੰਗਲੈਂਡ ਵਿੱਚ ਲੋਕ ਕੰਮਾਂ ਵਿੱਚ ਰੁੱਝੇ ਰਹਿੰਦੇ ਹਨ ਅਤੇ ਉਨ੍ਹਾਂ ਕੋਲ ਇੱਕ ਦੂਜੇ ਨੂੰ ਮਿਲਣ ਲਈ ਵਿਹਲ ਨਹੀਂ। ਪੰਜਾਬ ਦਾ ਮੌਸਮ ਬਹੁਤ ਗਰਮ ਅਤੇ ਸੁਹਾਵਣਾ ਸੀ ਅਤੇ ਮੈਨੂੰ ਬਹੁਤ ਪਸੰਦ ਆਇਆ।

**9 (b)** **M1** ਪੰਜਾਬ ਵਿੱਚ ਕਿਤੇ ਵੀ ਜਾਣਾ ਹੋਵੇ, ਆਉਣ ਜਾਣ ਲਈ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਡਰਾਈਵਰ ਆਵਾਜਾਈ ਦੇ ਨਿਯਮਾਂ ਦੀ ਪਰਵਾਹ ਨਹੀਂ ਕਰਦੇ ਜਿਸ ਕਾਰਨ ਹਰ ਰੋਜ਼ ਹਾਦਸੇ ਹੁੰਦੇ ਹਨ। ਬੱਸਾਂ ਅਤੇ ਰੇਲ ਗੱਡੀਆਂ ਵਿੱਚ ਸਫਰ ਕਰਨਾ ਸਮੇਂ ਦੀ ਬਰਬਾਦੀ ਹੈ, ਕਦੀ ਸਮੇਂ ਸਿਰ ਪਹੁੰਚਾਉਂਦੀਆਂ ਹੀ ਨਹੀਂ। ਪੰਜਾਬ ਵਿੱਚ ਸਵੇਰ ਦਾ ਗਿਆ ਇਨਸਾਨ ਸ਼ਾਮ ਨੂੰ ਸਹੀ ਸਲਾਮਤ ਘਰ ਆ ਜਾਵੇ ਤਾਂ ਰੱਬ ਦਾ ਸ਼ੁਕਰ ਕਰਦਾ ਹੈ।

**10** **M1** ਹਾਂ ਜੀ, ਦੱਸੋ ਕੀ ਸੇਵਾ ਕਰੀਏ?

**M2** ਪਿਛਲੇ ਹਫਤੇ ਮੈਂ ਇਹ ਆਈ ਫੋਨ ਖਰੀਦਿਆ ਸੀ, ਮੈਨੂੰ ਇਹ ਪਸੰਦ ਤਾਂ ਬਹੁਤ ਸੀ ਪਰ ਜਦੋਂ ਮੈਂ ਕਿਸੇ ਨੂੰ ਫੋਨ ਕਰਦਾ ਹਾਂ ਤਾਂ ਆਵਾਜ਼ ਠੀਕ ਤਰ੍ਹਾਂ ਨਹੀਂ ਸੁਣਦੀ।

**M1** ਹੁਣ ਤੁਸੀਂ ਕੀ ਚਾਹੁੰਦੇ ਹੋ?

**M2** ਮੈਂ ਚਾਹੁੰਦਾ ਹਾਂ ਕਿ ਇਸ ਨੂੰ ਬਦਲ ਦਿਓ ਜਾਂ ਮੇਰੇ ਪੈਸੇ ਵਾਪਸ ਕਰ ਦਿਓ।

**M1** ਇਸ ਨਾਲ ਦਾ ਹੋਰ ਫੋਨ ਸਾਡੇ ਕੋਲ ਨਹੀਂ ਹੈ ਅਤੇ ਮੈਂ ਪੈਸੇ ਵੀ ਨਹੀਂ ਮੋੜ ਸਕਦਾ। ਮੈਂ ਤੁਹਾਨੂੰ ਵਾਊਚਰ ਦੇ ਦਿੰਦਾ ਹਾਂ ਤੇ ਜਦੋਂ ਤੁਹਾਨੂੰ ਲੋੜ ਪਵੇ ਤਾਂ ਤੁਸੀਂ ਕੋਈ ਵੀ ਚੀਜ਼ ਸਾਡੀ ਦੁਕਾਨ ਤੋਂ ਖਰੀਦ ਸਕਦੇ ਹੋ।

**M2** ਇਹ ਗੱਲ ਠੀਕ ਨਹੀਂ। ਇਹ ਤਾਂ ਤੁਸੀਂ ਗਾਹਕਾਂ ਨੂੰ ਆਪਣੀ ਦੁਕਾਨ ਤੇ ਦੁਬਾਰਾ ਜ਼ਬਰਦਸਤੀ ਵਾਪਸ ਲਿਆਉਣ ਲਈ ਕਰਦੇ ਹੋ।

**11 (a)** **F1** ਦਵਿੰਦਰ, ਪਹਿਲਾਂ ਤਾਂ ਤੁਸੀਂ ਕਦੀ ਪੰਜਾਬੀ ਫਿਲਮਾਂ ਦੇਖਣ ਨਹੀਂ ਜਾਂਦੇ ਸੀ, ਪਰ ਹੁਣ ਤੁਸੀਂ ਹਰ ਨਵੀਂ ਫਿਲਮ ਦੇਖਣ ਚਲੇ ਜਾਂਦੇ ਹੋ, ਇਸ ਦਾ ਕੀ ਕਾਰਨ ਹੈ ?

**M1** ਰੀਟਾ, ਮੈਨੂੰ ਪਹਿਲਾਂ ਸਮਝ ਨਹੀਂ ਆਉਂਦੀ ਸੀ ਪਰ ਹੁਣ ਸਕਰੀਨ ਦੇ ਹੇਠਾਂ ਅੰਗਰੇਜ਼ੀ ਵਿੱਚ ਵੀ ਲਿਖਿਆ ਹੋਣ ਕਰਕੇ ਇਹ ਮੈਨੂੰ ਦਿਲਚਸਪ ਲਗਦੀਆਂ ਹਨ, ਟਾਈਮ ਸੁਹਣਾ ਲੰਘ ਜਾਂਦਾ ਹੈ ਅਤੇ ਹੁਣ ਮੈਨੂੰ ਅੱਗੇ ਨਾਲੋਂ ਪੰਜਾਬੀ ਚੰਗੀ ਤਰ੍ਹਾਂ ਸਮਝ ਵੀ ਆਉਣ ਲੱਗ ਪਈ ਹੈ ।

**11 (b)** **M1** ਪਰ ਰੀਟਾ ਤੁਸੀਂ ਪੰਜਾਬੀ ਫਿਲਮਾਂ ਦੇਖਣੀਆਂ ਕਿਉਂ ਪਸੰਦ ਨਹੀਂ ਕਰਦੇ ?

**F1** ਮੈਂ ਇਸ ਕਰਕੇ ਨਹੀਂ ਦੇਖਦੀ ਕਿ ਇਹ ਲੰਬੀਆਂ ਹੁੰਦੀਆਂ ਹਨ, ਸਾਰੀਆਂ ਫਿਲਮਾਂ ਦੀ ਕਹਾਣੀ ਇੱਕੋ ਜਿਹੀ ਹੁੰਦੀ ਹੈ ਅਤੇ ਮੈਂ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੁੰਦੀ ।

**12** **M2** ਰਾਣੀ, ਮੈਨੂੰ ਇਹ ਦੱਸੋ ਕਿ ਤੁਸੀਂ ਆਪਣਾ ਇਲਾਕਾ ਕਿਉਂ ਪਸੰਦ ਕਰਦੇ ਹੋ ?

**F2** ਜੀਤ, ਸਾਡੇ ਇਲਾਕੇ ਵਿੱਚ ਕਾਫੀ ਸਹੂਲਤਾਂ ਹਨ । ਚੀਜ਼ਾਂ ਖਰੀਦਣ ਜਾਣ ਲਈ ਸੁਪਰਮਾਰਕਿਟ ਤੇ ਦੁਕਾਨਾਂ ਨੇੜੇ ਹੀ ਹਨ । ਖੇਡਣ ਲਈ ਇੱਕ ਸਪੋਰਟਸ ਸੈਂਟਰ ਹੈ । ਬੱਚਿਆਂ ਦੇ ਖੇਡਣ ਲਈ ਇੱਕ ਛੋਟਾ ਪਾਰਕ ਹੈ । ਵਿਹਲਾ ਸਮਾਂ ਗੁਜ਼ਾਰਨ ਲਈ ਬਜ਼ੁਰਗਾਂ ਲਈ ਇੱਕ ਸੈਂਟਰ ਵੀ ਹੈ ।

**M2** ਆਪਣੇ ਇਲਾਕੇ ਵਿੱਚ ਸਫਾਈ ਬਾਰੇ ਤੁਹਾਡੇ ਕੀ ਵਿਚਾਰ ਹਨ ?

**F2** ਸਾਡੇ ਇਲਾਕੇ ਵਿੱਚ ਪ੍ਰਦੂਸ਼ਨ ਬਹੁਤ ਹੈ । ਮੋਟਰਾਂ ਗੱਡੀਆਂ ਦੀ ਆਵਾਜਾਈ ਬਹੁਤ ਰਹਿੰਦੀ ਹੈ । ਥਾਂ ਥਾਂ ਤੇ ਦਰੱਖਤਾਂ ਦੇ ਪੱਤੇ ਅਤੇ ਕੂੜਾ ਖਿਲਰਿਆ ਰਹਿੰਦਾ ਹੈ । ਇਲਾਕੇ ਵਿੱਚ ਫੈਕਟਰੀਆਂ ਹੋਣ ਕਰਕੇ ਵੀ ਪ੍ਰਦੂਸ਼ਨ ਕੁਝ ਜ਼ਿਆਦਾ ਹੈ । ਇਸ ਕਰਕੇ ਲੋਕਲ ਕਾਉਂਸਲ ਨੂੰ ਪ੍ਰਦੂਸ਼ਨ ਘਟਾਉਣ ਲਈ ਕੁਝ ਉਪਾਅ ਕਰਨੇ ਚਾਹੀਦੇ ਹਨ ।

**END OF TEST**

Copyright © 2011 AQA and its licensors. All rights reserved.